ਮਾਡਲ ਟੈਸਟ ਪੇਪਰ

ਸ਼੍ਰੇਣੀ - ਬਾਰ੍ਹਵੀਂ

ਵਿਸ਼ਾ - ਸੰਗੀਤ (ਗਾਇਨ)

ਸੈਸ਼ਨ - 2022-2023

ਸਮਾਂ - 3 ਘੰਟੇ ਕੁਲ ਅੰਕ - 45

## ਭਾਗ - ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ,12 ਤੋਂ 17 ਖਾਲੀ ਥਾਵਾਂ,18 ਤੋਂ 23 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਆਧੁਨਿਕ ਕਾਲ ਦਾ ਆਰੰਭ ਕਿਸ ਈਸਵੀ ਤੋਂ ਮੰਨਿਆ ਜਾਂਦਾ ਹੈ?
2. ਪੰ. ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਦੀ ਕਿਸੀ ਇੱਕ ਪੁਸਤਕ ਦਾ ਨਾਮ ਲਿਖੋ?
3. ਆਧੁਨਿਕ ਕਾਲ ਦਾ ਆਰੰਭ ਕਦ ਤੋਂ ਮੰਨਿਆ ਗਿਆ ਹੈ?
4. ਆਧੁਨਿਕ ਸ਼ਾਸਤਰੀ ਗਾਇਕ ਦਾ ਨਾਮ ਲਿਖੋ।
5. ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਜੀ ਦੀ ਕਿਸੀ ਇੱਕ ਪੁਸਤਕ ਦਾ ਨਾਮ ਲਿਖੋ?
6. ਰਾਸ਼ਟਰਪਤੀ ਪੁਰਸਕਾਰ ਕਦ ਤੋਂ ਦੇਣਾ ਸ਼ੁਰੂ ਕੀਤਾ?
7. ਰਾਗ ਮਾਲਕੌਂਸ ਦਾ ਵਾਦੀ ਸੁਰ ਕੀ ਹੈ?
8. ਭੈਰਵ ਕਿੰਨੇ ਸੁਰਾਂ ਦਾ ਰਾਗ ਹੈ?
9. ਰੂਪਕ ਦੀਆਂ ਮਾਤਰਾਵਾਂ ਦੱਸੋ?
10. ਸੂਲਤਾਲ ਦੇ ਵਿਭਾਗ ਦੱਸੋ?
11. ਧਮਾਰ ਤਾਲ ਵਿੱਚ ਕਿੰਨੀਆਂ - ਕਿੰਨੀਆਂ ਮਾਤਰਾਵਾਂ ਦੇ ਵਿਭਾਗ ਹੁੰਦੇ ਹਨ? (11X1=11)

(ਖ) ਖਾਲੀ ਥਾਵਾਂ

12. ਦਰੁੱਤ ਖਿਆਲ ਦੀ ਪ੍ਰਕਿਰਤੀ ______ ਹੁੰਦੀ ਹੈ।
13. ਵਿਲੰਬਿਤ ਖਿਆਲ ________ ਮਾਤਰਾਵਾਂ ਦਾ ਹੁੰਦਾ ਹੈ।
14. ਸੱਜੇ ਤਬਲੇ ਵਿੱਚ ________ ਗੱਟੇ ਹੁੰਦੇ ਹਨ।
15. ਖੱਬੇ ਤਬਲੇ ਨੂੰ _________ ਵੀ ਕਹਿੰਦੇ ਹਨ।
16. ਝੱਪਤਾਲ ਦੀ ਦੂਜੀ ਮਾਤਰਾ ਤੇ ______ ਬੋਲ ਹੁੰਦਾ ਹੈ।
17. ਧਮਾਰ ਤਾਲ ਦੀ ਖਾਲੀ ਮਾਤਰਾ _______ ਹੈ। (6x1=6)

(ਗ) ਸਹੀ/ਗ਼ਲਤ

18. ਹਾਰਮੋਨੀਅਮ ਵਿੱਚ ਹਵਾ ਪੱਖੇ ਤੋਂ ਭਰਦੇ ਹਨ।
19. ਸਿਆਹੀ ਦਾ ਰੰਗ ਨੀਲਾ ਹੁੰਦਾ ਹੈ।
20. ਨਰਿੰਦਰ ਬੀਬਾ ਜੀ ਇੱਕ ਸ਼ਾਸਤਰੀ ਗਾਇਕ ਸਨ।
21. ਰੂਪਕ ਤਾਲ ਨੂੰ ਅੱਧਾ ਤਾਲ ਵੀ ਕਿਹਾ ਜਾਂਦਾ ਹੈ।
22. ਝੱਪਤਾਲ ਸ਼ਾਸਤਰੀ ਤਾਲ ਹੈ।
23. ਧਮਾਰ ਤਾਲ ਨੂੰ ਤਬਲੇ ਉੱਤੇ ਵਜਾ ਸਕਦੇ। (6x1=6)

## ਭਾਗ - ਅ

24 ਤੋਂ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 2 ਅੰਕ ਦਾ ਹੋਵੇਗਾ।

24. ਹਰਮੋਨੀਅਮ ਦਾ ਕੋਈ ਦੋ ਅੰਗਾਂ ਬਾਰੇ ਲਿਖੋ।
25. ਤਬਲੇ ਦੇ ਕੋਈ ਦੋ ਅੰਗਾਂ ਬਾਰੇ ਲਿਖੋ।
26. ਸੰਗੀਤ ਵਿੱਚ ਤਾਲ ਦੇ ਮਹੱਤਵ ਬਾਰੇ ਲਿਖੋ।
27. ਗਾਇਕ ਬਾਰੇ ਸੰਖੇਪ ਵਿੱਚ ਲਿਖੋ।
28. ਗਾਇਕੀ ਬਾਰੇ ਸੰਖੇਪ ਵਿੱਚ ਲਿਖੋ।
29. ਰਾਗ ਭੈਰਵ ਦੀਆਂ ਕੋਈ ਦੋ ਤਾਨਾਂ ਲਿਖੋ।
30. ਰਾਗ ਮਾਲਕੌਂਸ ਦੀਆਂ ਕੋਈ ਦੋ ਤਾਨਾਂ ਲਿਖੋ।
31. ਰਾਗ ਖਮਾਜ ਦਾ ਪਰਿਚੈ ਲਿਖੋ। **(6x2=12)**

## ਭਾਗ – ੲ

32-35 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ।

32. ਉਸਤਾਦ ਬੜੇ ਗ਼ੁਲਾਮ ਅਲੀ ਖਾਨ ਜੀ ਦੇ ਜੀਵਨ ਬਾਰੇ ਲਿਖੋ।
33. ਉਸਤਾਦ ਭੀਮਸੇਨ ਜੋਸ਼ੀ ਜੀ ਦੇ ਜੀਵਨ ਬਾਰੇ ਲਿਖੋ।
34. ਰੂਪਕ ਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।
35. ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ। **(2x5=10)**

Downloaded from cclchapter.com